PSPCL

**Punjab State Power Corporation Limited**

**OFFICE OF THE CHIEF ADMN & IR**

The Mall, Head-Office, Patiala Tel: 0175 2213118, 0175 2203935 Fax 0175 2215897-

ਵੱਲ

1) ਸਾਰੇ ਇੰਜ:ਇਨ ਚੀਫ/ਮੁੱਖ ਇੰਜੀ:ਪੀ.ਐਸ.ਪੀ.ਸੀ.ਐਲ,
2) ਮੁੱਖ ਪੜਤਾਲਕਾਰ, ਪੀ.ਐਸ.ਪੀ.ਸੀ.ਐਲ,
3) ਮੁੱਖ ਲੇਖਾ ਅਫਸਰ, ਪੀ.ਐਸ.ਪੀ.ਸੀ.ਐਲ,
4) ਡੀ.ਜੀ.ਪੀ/ਵੀ ਤੇ ਐਸ, ਪੀ.ਐਸ.ਪੀ.ਸੀ.ਐਲ,
5) ਕਾਸਟ ਕੰਟਰੋਲਰ, ਪੀ.ਐਸ.ਪੀ.ਸੀ.ਐਲ,
6) ਸਾਰੇ ਨਿਗ: ਇੰਜੀ:ਸਮੇਤ ਹਾਈਡਲ, ਪੀ.ਐਸ.ਪੀ.ਸੀ.ਐਲ,
7) ਸੀਨੀ.ਕਾ:ਕਾ:ਇੰਜ/ਕਾਰਜਕਾਰੀ ਇੰਜ:, ਪੀ.ਐਸ.ਪੀ.ਸੀ.ਐਲ,

ਪੱਤਰ ਨੰ: /ਜੀਬੀਐਨ-430 ਮਿਤੀ:

ਵਿਸ਼ਾ: ਪੁਰਾਣੇ ਰਿਕਾਰਡ ਦੀ ਵਿਧੀ ਪੂਰਵਕ ਉਚਿਤ ਸਾਂਭ ਸੰਭਾਲ ਅਤੇ ਨਸ਼ਟ ਕਰਨ ਸਬੰਧੀ।

ਪੰ:ਰਾ:ਬਿ:ਬੋ: ਹੁਣ ਕਾਰਪੋਰੇਸ਼ਨ ਵਲੋਂ ਸਮੇਂ-2 ਸਿਰ ਪੁਰਾਣੇ ਦਫਤਰੀ ਰਿਕਾਰਡ ਨੂੰ ਜੋ ਦਫਤਰਾਂ ਦੇ ਵਰਾਂਡਿਆਂ, ਗੈਲਰੀਆਂ ਅਤੇ ਹੋਰ ਤੰਗ ਅਤੇ ਹਨੇਰੀਆ ਥਾਵਾਂ ਤੇ ਇਧਰ ਉਧਰ ਖਿੰਡਿਆ ਰੁਲ ਰਿਹਾ ਹੁੰਦਾ ਹੈ, ਦੀ ਸਾਂਭ ਸੰਭਾਲ ਅਤੇ ਨਸ਼ਟ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ/ਹੁੰਦੀਆਂ ਰਹੀਆਂ ਹਨ। ਇਸ ਪੁਰਾਣੇ ਰਿਕਾਰਡ ਨੂੰ ਨਸ਼ਟ ਜਾਂ ਫਿਰ ਸਾੜ ਦਿੱਤਾ ਜਾਂਦਾ ਹੈ।

ਇਸ ਸਦਰੰਭ ਵਿੱਚ ਸ੍ਰੀ ਸੰਦੀਪ ਸਿੰਘ, ਬੀ-18/247 ਰਾਘੋ ਮਾਜਰਾ,ਪਟਿਆਲਾ ਨੇ ਪੁਰਾਣੇ ਤੇ ਖਰਾਬ ਰਿਕਾਰਡ ਨੂੰ ਸਾੜਨ ਦੀ ਬਜਾਏ ਇਸ ਨੂੰ ਚੁੱਕਣ ਦੀ ਤਜਵੀਜ਼ ਭੇਜਕੇ ਇਹ ਵਿਸਵਾਸ਼ ਦਿਵਾਇਆ ਹੈ ਕਿ ਉਹ ਇਸ ਰਿਕਾਰਡ ਨੂੰ ਸਿੱਧਾ ਮਿਲ ਵਿੱਚ ਲਿਜਾ ਕੇ ਕਚਰਾ ਬਣਵਾਏਗਾ ਅਤੇ ਦੁਰਵਰਤੋਂ ਨਹੀਂ ਕਰੇਗਾ। ਰਿਕਾਰਡ ਨੂੰ ਚੁਕੱਣ ਲਈ ਉਸ ਵਲੋਂ ਹੇਠ ਅਨੁਸਾਰ ਰੇਟ ਪੇਸ਼ ਕੀਤੇ ਗਏ ਹਨ:-

ਪੁਰਾਣੇ ਤੇ ਬੇਕਾਰ ਪੇਪਰਾਂ ਦਾ ਰਿਕਾਰਡ @7.75 ਰੁਪਏ ਪ੍ਰਤੀ ਕਿਲੋ

ਫਾਇਲ ਕਵਰ ਅਤੇ ਗੱਤਾ @2.50 ਰੁਪਏ ਪ੍ਰਤੀ ਕਿਲੋ

ਇਸ ਤਰ੍ਹਾਂ ਪੁਰਾਣੇ ਅਤੇ ਬੇਕਾਰ ਪਏ ਰਿਕਾਰਡ ਨੂੰ ਪਹਿਲਾਂ ਤੋਂ ਜਾਰੀ ਹਦਾਇਤਾ ਮੁਤਾਬਿਕ ਉਪਰ ਦਿੱਤੀ ਤਜਵੀਜ਼ ਅਨੁਸਾਰ ਰੱਦੀ ਦੇ ਭਾਅ ਵੇਚਿਆ ਜਾ ਸਕੇਗਾ। ਇਹ ਕੰਮ ਜੇ.ਈ ਰੈਂਕ ਤੋਂ ਘੱਟ ਦਰਜੇ ਦੇ ਕਰਮਚਾਰੀ ਵਲੋਂ ਨਹੀ ਕਰਵਾਇਆ ਜਾਵੇਗਾ। ਜੇਕਰ ਕੋਈ ਬੋਲੀ ਦਾਤਾ ਉਪਰ ਲਿਖੇ ਰੇਟ ਤੋਂ ਵੱਧ ਭਾਅ ਦੇਵੇਗਾ ਅਤੇ ਸ਼ਰਤਾਂ ਮੁਤਾਬਿਕ ਰੱਦੀ/ ਪੁਰਾਣਾ ਰਿਕਾਰਡ ਖਰੀਦਦਾ ਹੈ ਤਾਂ ਮਾਲ ਉਸਨੂੰ ਵੇਚਿਆ ਜਾ ਸਕੇਗਾ। ਰੱਦੀ ਤੋਂ ਇੱਕਠਾ ਹੋਇਆ ਮਾਲੀਆ ਕੈਸ਼ ਕਾਊਂਟਰ ਤੇ ਜਮ੍ਹਾਂ ਕਰਨਾ ਹੋਵੇਗਾ। ਪਹਿਲਾਂ ਤੋਂ ਜਾਰੀ ਹਦਾਇਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਕੰਮ ਦਾ ਨਿਪਟਾਰਾ ਕੀਤਾ ਜਾਵੇਗਾ।

ਇਹ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਅਧੀਨ ਸਕੱਤਰ/ਜਨਰਲ
ਪੰ:ਰਾ:ਪਾ:ਕਾ:ਲਿਮ:ਪਟਿਆਲਾ।

ਪਿੱਠ ਅੰਕਣ ਨੰ: 91625/37 ਜੀਬੀਐਨ-430 ਮਿਤੀ: 16/9/..

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਨਿਗ:ਇੰਜ:/ਆਈ.ਟੀ,ਪੀ.ਐਸ.ਪੀ.ਸੀ.ਐਲ,ਪਟਿਆਲਾ ।ਉਨ੍ਹਾਂ ਨੂੰ ਬੇਨਤੀ ਹੈ ਕਿ ਉਕਤ ਹਦਾਇਤਾਂ ਦੀ ਕਾਪੀ ਕਾਰਪੋਰੇਸ਼ਨ ਦੀ ਵੈਬ ਸਾਈਟ ਤੇ ਪਾ ਦਿੱਤੀ ਜਾਵੇ ਜੀ।
2. ਸਾਰੇ ਉਪ ਸਕੱਤਰ/ਅਧੀਨ ਸਕੱਤਰ,ਪੀ.ਐਸ.ਪੀ.ਸੀ.ਐਲ,ਪਟਿਆਲਾ।
3. ਸਾਰੇ ਨਿੱਜੀਸਕੱਤਰਟੂ ਡਾਇਰੈਕਟਰ,ਪੀ.ਐਸ.ਪੀ.ਸੀ.ਐਲ,ਪਟਿਆਲਾ।
4. ਨਿੱਜੀ ਸਕੱਤਰ ਟੂ ਸੀ.ਐਮ.ਡੀ, ਪੀ.ਐਸ.ਪੀ.ਸੀ.ਐਲ,ਪਟਿਆਲਾ।
5. ਨਿੱਜੀ ਸਕੱਤਰ ਟੂ ਮੁੱਖ ਪ੍ਰਬੰਧਕੀ ਅਤੇ ਆਈ.ਆਰ,ਪੀ.ਐਸ.ਪੀ.ਸੀ.ਐਲ,ਪਟਿਆਲਾ।

ਅਧੀਨ ਸਕੱਤਰ/ਜਨਰਲ,
ਪੰ:ਰਾ:ਪਾ:ਕਾ:ਲਿਮ:ਪਟਿਆਲਾ